**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**
**ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**
**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਈ-ਮੇਲ ਰਾਹੀ)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬ ਸਾਈਟ ਰਾਹੀ)
ਮੀਮੋ ਨੰ. ਈ- 412352/2023270851
ਮਿਤੀ:- 26-09-2023

**ਵਿਸ਼ਾ ਸੈਸ਼ਨ 2022-23 ਦੌਰਾਨ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ ਸਕੀਮ ਅਧੀਨ PFMS ਪੋਰਟਲ ਵਿਚ Technical Glitch ਹੋਣ ਕਾਰਨ ਕੁਝ ਵਿਦਿਆਰਥੀਆਂ ਨੂੰ ਹੋਈ ਡਬਲ/ਟਰੀਪਲ ਵਜੀਫੇ ਦੀ ਅਦਾਇਗੀ ਦੀ ਰਿਕਵਰੀ ਕਰਨ ਸਬੰਧੀ ।**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਸਾਲ 2022-23 ਦੌਰਾਨ ਉਕਤ ਸਕੀਮ ਅਧੀਨ ਭਾਰਤ ਸਰਕਾਰ ਦੀਆਂ ਨਵੀਆਂ ਗਾਈਡਲਾਈਨਜ ਅਨੁਸਾਰ ਵਜੀਫੇ ਦੀ ਅਦਾਇਗੀ ਪੀ.ਐਫ.ਐਮ.ਐਸ. ਰਾਹੀ ਮੁੱਖ ਦਫਤਰ ਵਲੋਂ ਕੀਤੀ ਜਾ ਰਹੀ ਹੈ । ਵਜੀਫੇ ਦੀ ਅਦਾਇਗੀ ਕਰਦੇ ਸਮੇਂ **PFMS ਪੋਰਟਲ ਵਿਚ Technical Glitch** ਹੋਣ ਕਾਰਨ 23001 ਯੋਗ ਲਾਭਪਾਤਰੀਆਂ ਨੂੰ ਡਬਲ ਅਤੇ 694 ਯੋਗ ਲਾਭਪਾਤਰੀਆਂ ਨੂੰ ਟਰੀਪਲ ਪੇਮੈਂਟ ਹੋ ਗਈ ਹੈ।

2.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਕੂਲ ਮੁਖੀਆਂ ਨੂੰ ਹਦਾਇਤ ਕਰਨ ਕਿ ਲਿਸਟ ਵਿਚ ਦਰਸਾਏ ਸਾਰੇ ਵਿਦਿਆਰਥੀਆਂ ਤੋਂ ਰਿਕਵਰ ਕੀਤੀ ਵਜੀਫੇ ਦੀ ਰਾਸ਼ੀ **ਮੁੱਖ ਦਫਤਰ ਦੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ ਦੇ ਵਜੀਫੇ ਨਾਲ ਸਬੰਧਤ ਐਸ.ਐਨ.ਏ. ਖਾਤੇ (ਐਚ.ਡੀ.ਐਫ.ਸੀ. ਬੈਂਕ, ਖਾਤਾ ਨੰ 50100456733610 ਅਤੇ ਆਈ.ਐਫ.ਐਸ.ਸੀ. ਕੋਡ HDFC0001314)** ਵਿਚ ਜਮ੍ਹਾਂ ਕਰਵਾਉਂਦੇ ਹੋਏ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਰਸੀਦ ਸਮੇਤ ਰਿਪੋਰਟ ਕਰਨਗੇ ।

3.0 ਸਕੂਲ ਮੁਖੀ ਇਸ ਗੱਲ ਦਾ ਵੀ ਧਿਆਨ ਰੱਖਣ ਕਿ ਲਿਸਟ ਵਿਚ ਸਬੰਧਤ ਸਕੂਲ ਵਲੋ ਜੋ ਕੁੱਲ ਰਾਸ਼ੀ ਜਿਨ੍ਹਾਂ ਵਿਦਿਆਰਥੀਆਂ ਤੋਂ ਰਿਕਵਰ ਕੀਤੀ ਜਾਣੀ ਹੈ ਉਹ ਨਾਲ ਨੱਥੀ ਪੀ.ਡੀ.ਐਫ. ਵਿਚ ਸਕੂਲ ਦੇ ਸਾਹਮਣੇ ਕਾਲਮ ਵਿਚ ਦਰਸਾਈ ਗਈ ਹੈ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵਲੋ ਜੋ ਰਾਸ਼ੀ ਜਮ੍ਹਾਂ ਕਰਵਾਈ ਜਾਣੀ ਹੈ, ਉਹ ਸਭ ਤੋਂ ਉਪਰ ਜਿਲ੍ਹੇ ਦੇ ਸਾਹਮਣੇ ਦਰਸਾਈ ਗਈ ਹੈ । ਸਕੂਲ ਮੁਖੀ ਆਪਣੇ ਸਕੂਲ ਦੀ ਰਿਕਵਰ ਕੀਤੀ ਗਈ ਕੁੱਲ ਰਾਸ਼ੀ ਇੱਕ ਵਾਰ ਵਿਚ ਹੀ ਇਕੱਠੀ ਜਮ੍ਹਾਂ ਕਰਵਾਉਣੀ ਯਕੀਨੀ ਬਣਾਉਣਗੇ ਅਤੇ ਇਸ ਉਪਰੰਤ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਆਪਣੇ ਜਿਲ੍ਹੇ ਨਾਲ ਸਬੰਧਤ ਸਾਰੇ ਸਕੂਲਾਂ ਦੀ ਕੰਪਾਈਲ ਰਿਪੋਰਟ ਮੁੱਖ ਦਫਤਰ ਵਿਖੇ ਭੇਜਣੀ ਯਕੀਨੀ ਬਣਾਉਣਗੇ ।

4.0 ਡਬਲ/ਟਰੀਪਲ ਵਜੀਫੇ ਦੀ ਅਦਾਇਗੀ ਵਾਲੇ ਵਿਦਿਆਰਥੀਆਂ ਨੂੰ ਵਾਧੂ ਵਜੀਫੇ ਦੀ ਅਦਾਇਗੀ ਵਾਪਿਸ ਕਰਨ ਸਬੰਧੀ ਈ-ਪੰਜਾਬ ਪੋਰਟਲ ਤੇ ਵਜੀਫੇ ਲਈ ਅਪਲਾਈ ਕੀਤੇ ਗਏ ਮੁਬਾਇਲ ਨੰਬਰਾਂ ਤੇ ਮੁੱਖ ਦਫਤਰ ਵਲੋ ਮੈਸਿਜ ਵੀ ਕੀਤੇ ਜਾ ਰਹੇ ਹਨ । ਲਿਸਟ ਵਿਚ ਦਰਸਾਏ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿਚ ਡਬਲ/ਟਰੀਪਲ ਪੇਮੈਂਟ ਚੈਕ ਕਰਨ ਉਪਰੰਤ ਹੀ ਵਜੀਫੇ ਦੀ ਰਿਕਵਰੀ ਕਰਨੀ ਯਕੀਨੀ ਬਣਾਈ ਜਾਵੇ ਕਿਉਂ ਜੋ ਪ੍ਰਤੀ ਵਿਦਿਆਰਥੀ 1400/- ਰੁਪਏ ਸਟੇਟ ਸ਼ੇਅਰ ਅਤੇ 2100/- ਰੁਪਏ ਸੈਂਟਰ ਸ਼ੇਅਰ ਦੀ ਅਦਾਇਗੀ ਹੀ ਕੀਤੀ ਜਾਣੀ ਬਣਦੀ ਸੀ । ਜੇਕਰ ਇਸ ਤੋਂ ਇਲਾਵਾ 1400/- ਜਾਂ 2800/- ਰੁਪਏ ਦੀ ਵਾਧੂ ਐਂਟਰੀ ਸਬੰਧਤ ਖਾਤੇ ਵਿਚ ਪੀ.ਐਫ.ਐਮ.ਐਸ. ਰਾਹੀ ਕੀਤੀ ਗਈ ਹੈ ਤਾਂ ਉਸਦੀ ਰਿਕਵਰੀ ਕੀਤੀ ਜਾਣੀ ਹੈ ।

5.0 ਉਕਤ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਡਬਲ/ਟਰੀਪਲ ਵਜੀਫੇ ਦੀ ਅਦਾਇਗੀ ਦੀ ਰਿਕਵਰੀ ਮਿਤੀ 20.10.2023 ਤੱਕ ਕਰਕੇ ਮੁੱਖ ਦਫਤਰ ਨੂੰ ਰਿਪੋਰਟ ਕਰਨੀ ਯਕੀਨੀ ਬਣਾਉਣ ।

6.0 ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ।

ਨੱਥੀ- ਜਿਲ੍ਹਾ ਵਾਈਜ ਅਤੇ ਸਕੂਲ ਵਾਈਜ + ਵਿਦਿਆਰਥੀ ਵਾਈਜ ਪੀ.ਡੀ.ਐਫ.।

26.09.2023

**ਸਹਾਇਕ ਡਾਇਰੈਕਟਰ (ਵਜੀਫਾ)**